National Research Journal of Social Sciences
Volume-11, Issue-1, January-June 2026
PP: 112-116

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿੱਚ ਮਾਨਵੀ ਤੇ ਸਮਾਜਿਕ ਸੰਕਲਪ

**ਕੰਵਲਜੀਤ ਕੌਰ**

ਪੰਜਾਬੀ ਵਿਭਾਗ, ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ, ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ।

**ਅਮੂਰਤ:-**

ਇਸ ਖੋਜ ਪੱਤਰ ਦੇ ਵਿੱਚ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਪੱਖ ਉਹਨਾਂ ਦੀਆਂ ਰਚਨਾਵਾਂ ਅਤੇ ਉਨਾਂ ਦੀ ਬਾਣੀ ਵਿੱਚ ਪੇਸ਼ ਮਾਨਵਤਾ ਅਤੇ ਮਾਨਵੀ ਸਰੋਕਾਰ,ਸਮਾਜਿਕ ਵਿਵਸਥਾ ਅਤੇ ਸਮਾਜਿਕ ਚੇਤਨਾ ਦੇ ਸੰਦਰਭ ਵਿੱਚ ਉਹਨਾਂ ਦੁਆਰਾ ਰਚਿਤ ਬਾਣੀ ਦੇ ਹਵਾਲੇ ਨਾਲ ਗੱਲ ਕੀਤੀ ਹੈ। ਇਸ ਤੋਂ ਇਲਾਵਾ ਸੰਸਾਰ ਵਿੱਚ ਵਿਚਰਦਿਆਂ ਉਸ ਮਾਲਕ ਪਰਮਾਤਮਾ ਦੇ ਨਾਲ ਕਿਵੇਂ ਜੁੜਨਾ ਹੈ ਅਤੇ ਉਸਦੇ ਨਾਲ਼ ਜੁੜਕੇ  ਭਵ ਸਾਗਰ ਤੋਂ ਕਿਵੇਂ ਪਾਰ ਲੰਘਿਆ ਜਾ ਸਕਦਾ ਹੈ? ਇਸ ਬਾਰੇ ਚਰਚਾ ਕੀਤੀ ਗਈ ਹੈ।

**ਕੁੰਜੀ ਸ਼ਬਦ**:- ਮੀਰੀ ਪੀਰੀ ਦੇ ਮਾਲਕ,ਜੀਵਨ, ਮਾਨਵਤਾ, ਸਮਾਜਕ ਸੁਰੱਖਿਆ, ਪਰਮਾਤਮਾ ਨਾਲ਼ ਮਿਲਾਪ।

ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਮੀਰੀ-ਪੀਰੀ ਦੇ ਮਾਲਕ ਛੇਵੀਂ ਨਾਨਕ ਜੋਤਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ,ਅੰਮ੍ਰਿਤਸਰ ਵਿੱਚ ਅਪ੍ਰੈਲ 1621 ਨੂੰ ਹੋਇਆ। ਗੁਰੂ ਹਰਗੋਬਿੰਦ ਸਾਹਿਬ ਨੇ ਅਧਿਆਤਮਕਤਾ ਅਤੇ ਸੰਸਾਰਕਤਾ, ਸੰਤ ਅਤੇ ਸਿਪਾਹੀ, ਮੀਰੀ ਅਤੇ ਪੀਰੀ ਦੀ ਇਕਸੁਰਤਾ ਵਾਲੇ ਗੁਰਮਤ ਫਲਸਫੇ ਦਾ ਅਸਲੀ ਪ੍ਰਕਾਸ਼ਨ ਕੀਤਾ।ਇਸ ਇਕਸੁਰਤਾ ਦੀਆਂ ਪ੍ਰਤੀਕ ਦੋ ਤਲਵਾਰਾਂ ਪਹਿਨੀਆਂ। ਅਧਿਆਤਮਕਤਾ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਦੁਨਿਆਵੀ ਮਸਲਿਆਂ ਦੇ ਸੁਲਝਾ ਅਤੇ ਸੁਝਾਅ ਲਈ ਅਕਾਲ ਬੁੰਗੇ ਦੀ ਸਥਾਪਨਾ ਕੀਤੀ। ਅੱਜ ਦੀ ਇਸ ਵਿਚਾਰ ਚਰਚਾ ਵਿੱਚ ਮੇਰਾ ਮੁੱਖ ਸਰੋਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਆਏ ਮੁਖ ਸੰਕਲਪਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ ਕਰਨਾ ਹੈ। ਗੁਰੂ ਤੇਗ ਬਹਾਦਰ ਜੀ ਅਧਿਆਤਮਕਤਾ ਅਤੇ ਸੰਸਾਰਕਤਾ, ਮੀਰੀ ਅਤੇ ਪੀਰੀ ਦੋਵਾਂ ਖੇਤਰਾਂ ਵਿੱਚ ਪਿਤਾ ਗੁਰੂ ਦੀ ਅਗਵਾਈ ਵਿੱਚ ਪੂਰੀ ਤਰ੍ਹਾਂ ਸੁਜੱਗ ਸਨ। ਆਪ ਨੇ ਗੁਰੂ ਨਾਨਕ ਦੇਵ ਜੀ ਦੇ ਪਾਏ ਪੂਰਨਿਆਂ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਅਤੇ ਉਨਾਂ ਵੱਲੋਂ ਸਥਾਪਿਤ ਸਮਾਜਿਕ ਅਤੇ ਧਰਮ ਦੇ ਫਲਸਫੇ ਨੂੰ ਅੱਗੇ ਲੈ ਕੇ ਆਏ। ਜਿਸ ਦਾ ਪ੍ਰਤੱਖ ਪ੍ਰਗਟਾਵਾ ਉਹਨਾਂ ਦੀ ਬਾਣੀ ਵਿੱਚ ਪ੍ਰਗਟ ਹੋ ਜਾਂਦਾ ਹੈ :-

ਕਾਹੇ ਰੇ ਬਨ ਖੋਜਨ ਜਾਈ ॥

ਸਰਬ ਨਿਵਾਸੀ ਸਦਾ ਅਲੇਪਾ

ਤੋਹੀ ਸੰਗਿ ਸਮਾਈ ॥੧॥ ਰਹਾਉ ॥[1]

ਭੋਰੇ ਵਿੱਚ ਬੈਠ ਕੇ ਤਪ ਕਰਨਾ ਜਾਂ ਜੰਗਲ ਵਿੱਚ ਜਾ ਕੇ ਤਪ ਕਰਨਾ ਇੱਕ ਤਸਵੀਰ ਦੇ ਦੋ ਪਾਸੇ ਹਨ। ਉਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ, ਆਸਾ,ਦੇਵਗੰਧਾਰੀ, ਬਿਹਾਗੜਾ,ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵਤੀ ਆਦਿ ਰਾਗਾਂ ਅਤੇ ਇਸ ਤੋਂ ਇਲਾਵਾ ਵਾਰਾਂ ਤੋਂ ਵੱਧ 57 ਸਲੋਕਾਂ ਦੇ ਰੂਪ ਵਿੱਚ ਦਰਜ ਹੈ। ਉਹਨਾਂ ਦੀ ਬਾਣੀ ਆਕਾਰ ਵਿੱਚ ਭਾਵੇਂ ਬਹੁਤ ਜਿਆਦਾ ਨਹੀਂ ਹੈ, ਪ੍ਰੰਤੂ ਉਹਨਾਂ ਨੇ ਕਰਤਾ ਪੁਰਖ, ਸੰਸਾਰ, ਮਨੁੱਖ ਦੀ ਹੋਣੀ, ਮਨੁੱਖ ਦੇ ਜਨਮ ਲੈਣ ਦਾ ਮਕਸਦ ਕਰਤਾ ਪੁਰਖ ਦਾ ਸੰਸਾਰ ਅਤੇ ਮਨੁੱਖ ਨਾਲ ਸਬੰਧ ਆਦਿ ਧਰਮ ਸ਼ਾਸਤਰ ਦੇ ਵਿਸ਼ਿਆਂ ਨੂੰ ਬਹੁਤ ਗੰਭੀਰਤਾ ਨਾਲ ਪੇਸ਼ ਕੀਤਾ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਦੇ ਵਿੱਚ ਦਾਰਸ਼ਨਿਕ ਪੱਖ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ ;-

1. ਮਾਨਵਤਾ ਤੇ ਮਾਨਵੀ ਸਰੋਕਾਰ।
2. ਸਮਾਜਿਕ ਵਿਵਸਥਾ ਅਤੇ ਸਮਾਜਿਕ ਚੇਤਨਾ।
3. ਸ੍ਰਿਸ਼ਟੀ ਰਚਨਾ ਅਲੋਕਿਕਤਾ ਅਤੇ ਪਰਲੋਕਿਕਤਾ।
4. ਜੀਵ, ਸਮਾਜ ਅਤੇ ਜਗਤ ਦਾ ਪ੍ਰਯੋਜਨ ਮੂਲਕ ਮਹੱਤਵ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਦਾਰਸ਼ਨਿਕ ਸੰਕਲਪ ਜਿਨਾਂ ਮੂਲ ਸਰੋਕਾਰਾਂ ਨੂੰ ਉਘਾੜਦਾ ਹੈ ਉਨਾਂ ਦਾ ਕੇਂਦਰੀ ਧੁਰਾ ਅਧਿਆਤਮਕ ਅਨੁਭਵ ਹੀ ਹੈ। ਜਿਸ ਵਿੱਚ ਰਹਿੰਦੇ ਹੋਏ ਉਹ ਵਿਹਾਰਕ ਪੱਧਰ ਤੇ ਤਾਂ ਭਾਵੇਂ ਸਮਾਜ ਵਿੱਚ ਵਿਚਰਦਾ ਹੈ ਪਰ ਆਪਣੀ ਲਿਵ ਨੂੰ ਅਕਾਲ ਪੁਰਖ ਨਾਲ ਜੋੜੀ ਰੱਖਦਾ ਹੈ। ਉਸਨੂੰ ਇੱਕ ਭੈਅ ਵੀ ਹਮੇਸ਼ਾ ਰਹਿੰਦਾ ਹੈ ਕਿ ਸਮਾਜਿਕ ਕਾਰਜ ਦੇ ਨਾਲ ਉਸ ਨੂੰ ਅਧਿਆਤਮਕ ਕਾਰਜ ਵਿੱਚ ਵੀ ਆਪਣਾ ਮਨੁੱਖੀ ਜੀਵਨ ਲਗਾਉਣਾ ਚਾਹੀਦਾ ਹੈ। ਫੁਰਮਾਉਂਦੇ ਹਨ:-

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥[2]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਨੁੱਖੀ ਜੀਵਨ ਦੇ ਲਕਸ਼ ਸਬੰਧੀ ਗੁਰੂ ਸਾਹਿਬ ਜੀ ਦੀ ਅਭਿਵਿਅਕਤੀ ਮਨੁੱਖ ਜੀਵਨ ਨੂੰ ਕਿਸੇ ਅਧਿਆਤਮਕ ਲਕਸ਼ ਦੀ ਪ੍ਰਾਪਤੀ ਵੱਲ ਤੋਰਦੀ ਹੈ। ਬਾਕੀ ਗੁਰੂ ਸਾਹਿਬਾਨ ਵੀ ਇਸ ਵਿਚਾਰ ਦੇ ਧਾਰਨੀ ਰਹੇ ਹਨ।ਗੁਰੂ ਸਾਹਿਬਾਨ ਦਾ ਇਹ ਲਕਸ਼ ਪਰਮਾਤਮਾ ਨਾਲ ਭੇਦ ਹੋਣਾ ਅਤੇ ਸਮਾਜ ਵਿੱਚ ਰਹਿੰਦਿਆਂ ਹੋਇਆਂ ਮੁਕਤੀ ਪ੍ਰਾਪਤ ਕਰਨਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਬੇਸ਼ੱਕ ਚਾਰ ਪੱਖਾਂ ਦੇ ਤੌਰ ਤੇ ਵਿਚਾਰਿਆ ਜਾ ਸਕਦਾ ਹੈ ਪ੍ਰੰਤੂ ਇਸ ਪਰਚੇ ਦੇ ਵਿੱਚ ਸਿਰਫ਼ ਦੋ ਪੱਖਾਂ ਬਾਰੇ ਹੀ ਗੱਲ ਕੀਤੀ ਜਾਵੇਗੀ।

**ਮਾਨਵਤਾ ਅਤੇ ਮਾਨਵੀ ਸਰੋਕਾਰ:-**

ਸਭ ਤੋਂ ਪਹਿਲਾਂ ਅਸੀਂ ਗੱਲ ਕਰਾਂਗੇ ਮਾਨਵਤਾ ਅਤੇ ਮਾਨਵੀ ਸਰੋਕਾਰਾਂ ਦੀ । ਮਨੁੱਖ ਸਮਾਜ ਵਿੱਚ ਰਹਿੰਦਾ ਹੋਇਆ ਸਮਾਜਿਕ ਤੌਰ ਤੇ ਉਸਦੇ ਅਨੁਸਾਰ ਹੀ ਵਿਚਰਦਾ ਹੈ। ਉਸ ਨੂੰ ਸਮਾਜ ਹੀ ਅਸਲੀ ਮਾਨਵਤਾ ਸਿਖਾਉਂਦਾ ਹੈ। ਅਜਿਹੀ ਮਾਨਵਤਾ ਹੀ ਉਸਨੂੰ ਕਿਸੇ ਪੰਧ ਦੀ ਸ੍ਰੇਸ਼ਟ ਅਵਸਥਾ ਤੇ ਤੋਰਦੀ ਹੈ। ਮਨੁੱਖੀ ਵਿਹਾਰ ਅੰਦਰ ਗੁਣਾਂ ਤੇ ਔਗੁਣਾਂ ਦਾ ਸੁਮੇਲ ਸਦਾ ਬਣਿਆ ਰਹਿੰਦਾ ਹੈ।ਬਹੁਤ ਸਾਰੇ ਕਾਰ ਵਿਹਾਰਾਂ ਨਾਲ ਸੰਬੰਧਿਤ ਹੁੰਦਿਆਂ ਹੋਇਆ ਮਨੁੱਖ ਸਮਾਜਿਕ ਜਾਂ ਮਾਨਵੀ ਸਰੋਕਾਰਾਂ ਨਾਲ ਆਤਮਸਾਤ ਹੁੰਦਾ ਹੈ। ਅਜਿਹੇ ਮਾਨਵੀ ਸਰੋਕਾਰ ਮਨੁੱਖ ਨੂੰ ਮਨੁੱਖੀ ਆਪੇ ਨੂੰ ਝੰਜੋੜਦੇ ਹਨ ਤੇ ਉਸ ਨੂੰ ਕਿਸੇ ਖਾਸ ਦਿਸ਼ਾ ਅੰਦਰ ਕੰਮ ਕਰਨ ਲਈ ਪ੍ਰੇਰਦੇ ਹਨ। ਸਾਰੀ ਸ੍ਰਿਸ਼ਟੀ ਹੀ ਪੂਰਨ ਪਾਰਬ੍ਰਹਮ ਦੇ ਹੁਕਮ ਅਨੁਸਾਰ ਆਪਣਾ ਕਾਰਜ ਚਲਾਉਂਦੀ ਹੈ। ਦੁੱਖ ਤੇ ਸੁੱਖ ਭਾਵੇਂ ਨਿਰੇ ਸਰੀਰਕ ਨਹੀਂ ਹੁੰਦੇ ਮਾਨਸਿਕ,ਆਰਥਿਕ ਤੇ ਆਤਮਕ ਵੀ ਹੁੰਦੇ ਹਨ। ਪਰ ਆਮ ਮਨੁੱਖ ਸਰੀਰਕ ਦੁੱਖ ਤੇ ਸੁੱਖ ਹੀ ਜਾਣਦਾ ਹੈ। ਸਮੁੱਚੇ ਜੀਵਨ ਦਾ ਆਧਾਰ ਇਹ ਦੁੱਖ ਤੇ ਸੁੱਖ ਹੀ ਹੁੰਦੇ ਹਨ ਪਰ ਜੋ ਇਹਨਾਂ ਦੁੱਖਾਂ ਤੇ ਸੁੱਖਾਂ ਨੂੰ ਇੱਕ ਕਰਕੇ ਜਾਣਦਾ ਹੈ ਉਹ ਇਸ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਦੇ ਵਿੱਚ ਦੁੱਖ ਤੇ ਸੁੱਖ ਦੇ ਮਾਨਵੀ ਸਰੋਕਾਰਾਂ ਨੂੰ ਉਘਾੜਦੇ ਹੋਏ ਫੁਰਮਾਉਂਦੇ ਹਨ:-

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥[3]

ਸਮੁੱਚੀ ਜੀਵਨ ਜਾਤੀ ਸਮਾਜਿਕ ਬੰਧਨਾਂ ਵਿੱਚ ਜਕੜੀ ਹੋਈ ਹੈ। ਜਦੋਂ ਮਨੁੱਖ ਦਾ ਜਨਮ ਹੁੰਦਾ ਹੈ ਤਾਂ ਉਦੋਂ ਤੋਂ ਹੀ ਉਹ ਸਮਾਜ ਦਾ ਮੈਂਬਰ ਬਣ ਜਾਂਦਾ ਹੈ ਤੇ ਉਸਨੂੰ ਸਮਾਜ ਪ੍ਰਵਾਨ ਕਰ ਲੈਂਦਾ ਹੈ। ਸਮੁੱਚੀ ਮਾਨਵ ਜਾਤੀ ਆਪਣੇ ਵਿਹਾਰਕ ਕਾਰਜ ਅੰਦਰ ਹੀ ਆਪਣਾ ਜੀਵਨ ਬਤੀਤ ਕਰਦੀ ਹੈ। ਕੋਈ ਵਿਰਲਾ ਬ੍ਰਹਮ ਗਿਆਨੀ ਹੀ ਇਸ ਮਾਨਵਤਾ ਦੇ ਚੱਕਰ ਵਿੱਚ ਨਹੀਂ ਆਉਂਦਾ ਹੈ। ਉਹ ਅਧਿਆਤਮਕ ਜੀਵਨ ਨੂੰ ਮਾਣਦਾ ਹੋਇਆ ਗੁਰਮੁਖ ਦੀ ਸ੍ਰੇਣੀ ਵਿੱਚ ਇਹ ਮਨੁੱਖਾ ਜੀਵਨ ਬਤੀਤ ਕਰਦਾ ਹੈ। ਮਾਨਵਤਾ ਦੀ ਸ੍ਰੇਸ਼ਠਤਾ ਉਸ ਅਕਾਲ ਪੁਰਖ ਦੇ ਭਾਣੇ ਅੰਦਰ ਹੀ ਹੈ। ਜਿਸ ਦੇ ਹੁਕਮ ਦੀ ਬੱਧੀ ਸਾਰੇ ਮਾਨਵਤਾ ਸ਼ਾਮਿਲ ਹੁੰਦੀ ਹੈ। ਮਨੁੱਖੀ ਮਨ ਹਮੇਸ਼ਾ ਇਕ ਅਜਬ ਦੌੜ ਵਿੱਚ ਰਹਿੰਦਾ ਹੈ। ਗੁਰਬਾਣੀ ਅੰਦਰ ਇਸ ਮਨ ਨੂੰ ਚੰਚਲ ਕਿਹਾ ਹੈ। ਇਸ ਚੰਚਲਤਾ ਕਰਕੇ ਹੀ ਸਮੁੱਚੀ ਮਾਨਵਤਾ ਆਪਣਾ ਮੂਲ ਉਦੇਸ਼ ਜੋ ਕਿ ਪ੍ਰਭੂ ਪਰਮਾਤਮਾ ਨਾਲ ਅਭੇਦ ਹੋਣ ਦਾ ਹੈ,ਗਵਾ ਬੈਠੀ ਹੈ। ਮਾਨਵਤਾ ਨੂੰ ਇਹ ਭਰਮ ਹੈ ਕਿ ਸਦਾ ਸਥਿਰ ਰਹਿਣ ਵਾਲਾ ਹੈ ਪਰ ਗੁਰਬਾਣੀ ਅੰਦਰ ਗੁਰੂ ਤੇਗ ਬਹਾਦਰ ਜੀ ਸਮਝਾਉਂਦੇ ਹਨ:-

ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥

ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ ॥੧॥[4]

ਸ੍ਰਿਸ਼ਟੀ ਰਚਨਾ ਵਿੱਚ ਅਕਾਲ ਪੁਰਖ ਪਰਮਾਤਮਾ ਨੇ ਮਨੁੱਖੀ ਜੀਵਾਂ ਨੂੰ ਸ੍ਰੇਸ਼ਟ ਬੁੱਧੀ ਤੇ ਬਲ ਬਖਸ਼ਿਆ। ਜਿਸ ਬੁੱਧੀ ਦੇ ਸਦਕਾ ਮਨੁੱਖ ਨੇ ਧਰਤੀਆਂ ਨੂੰ ਜਿੱਤਿਆ ਪਰ ਉਹ ਆਪਣੇ ਮਨ ਨੂੰ ਜਿੱਤਣ ਵਿੱਚ ਅਸਮਰੱਥ ਹੀ ਰਹਿੰਦਾ ਹੈ। ਹੋਣੀ ਤੇ ਅਣਹੋਣੀ ਉਸ ਲਈ ਭਰਮ ਬਣਿਆ ਰਹਿੰਦਾ ਹੈ। ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿੱਚ ਹੋਣੀ ਤੇ ਅਣਹੋਣੀ ਨੂੰ ਚਿੰਤਾ ਦਾ ਵਿਸ਼ਾ ਨਹੀਂ ਰਹਿਣ ਦਿੰਦੇ ਤੇ ਫੁਰਮਾਉਂਦੇ ਹਨ :

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥

ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥[5]

ਮਾਨਵਤਾ ਦਾ ਉਦੇਸ਼ ਇਸ ਮਾਇਆ ਜਗਤ ਵਿੱਚ ਰਹਿੰਦੇ ਹੋਏ ਅਕਾਲ ਪੁਰਖ ਨਾਲ ਅਭੇਦਤਾ ਕਾਇਮ ਕਰਨਾ ਹੈ। ਜੇਕਰ ਮਨੁੱਖ ਆਪਣੇ ਸਮੁੱਚੇ ਜੀਵਨ ਕਾਲ ਵਿੱਚ ਅਕਾਲ ਪੁਰਖ ਦਾ ਨਾਮ ਨਹੀਂ ਜਪਦਾ ਤਾਂ ਉਹ ਇਸ ਜਗਤ ਤੋਂ ਪਾਰ ਨਹੀਂ ਜਾ ਸਕਦਾ। ਡਾ.ਸੁਰਿੰਦਰ ਸਿੰਘ ਕੋਹਲੀ ਨੇ ਅਨੁਸਾਰ,"ਗੁਰੂ ਸਾਹਿਬਾਨਾਂ ਦੇ ਮੁੱਖ ਵਿੱਚੋਂ ਉਚਾਰਨ ਕੀਤੀ ਗਈ ਬਾਣੀ ਦਾ ਮੂਲ ਸਾਰ ਇਸ ਸੰਸਾਰ ਵਿੱਚ ਰਹਿੰਦਿਆਂ ਹੋਇਆ ਮਾਨਵਤਾ ਦੇ ਵਿਕਾਸ ਲਈ ਉਸ ਕੇਂਦਰੀ ਧੁਰੇ ਨਾਲ ਜੁੜੇ ਰਹਿਣਾ ਜਰੂਰੀ ਹੈ। ਇਸ ਕੇਂਦਰੀ ਧੁਰੇ ਨਾਲ ਆਪਾ ਤੋੜਿਆ ਮਾਨਵਤਾ ਸਮੁੱਚੇ ਰੂਪ ਵਿੱਚ ਸ੍ਰਿਸ਼ਟੀ ਦੀ ਉਲੰਘਣਾ ਹੀ ਕਰ ਰਹੀ ਹੋਵੇਗੀ। ਕੇਂਦਰ ਨੂੰ ਪਾਉਣਾ ਹੀ ਉਸ ਦਾ ਸਮੁੱਚੀ ਜੀਵਨ ਲਕਸ਼ ਹੈ।[6]

ਗੁਰੂ ਤੇਗ ਬਹਾਦਰ ਬਾਣੀ ਵਿੱਚ ਸਮੁੱਚੇ ਮਾਨਵੀ ਸਰੋਕਾਰਾਂ ਤੇ ਮਾਨਵਤਾ ਦੇ ਲਕਸ਼ਾਂ ਦੀ ਪੇਸ਼ਕਾਰੀ ਅਧਿਆਤਮਕ ਪੈਟਰਨ ਰਾਹੀਂ ਹੁੰਦੀ ਹੈ। ਮਾਨਵ ਦਾ ਮੁੱਖ ਸਰੋਕਾਰ ਚੰਗੇ ਕਾਰਜਾਂ ਰਾਹੀਂ ਆਪਣੀ ਅਤੇ ਸਮੁੱਚੀ ਮਾਨਵਤਾ ਦੀ ਭਲਾਈ ਕਰਨਾ ਹੈ। ਇਸ ਲਈ ਮਨੁੱਖ ਨੂੰ ਆਪਣੇ ਆਪ ਨੂੰ ਇਸ ਯੋਗ ਬਣਾਉਣਾ ਪੈਂਦਾ ਹੈ। ਮਨੁੱਖਾ ਜਨਮ ਗੁਰੂ ਸਾਹਿਬਾਨ ਅਨੁਸਾਰ ਅਨਮੋਲ ਹੈ। ਵਾਹਿਗੁਰੂ ਦਾ ਗੁਣ ਗਾਇਨ ਕਰਨ ਨਾਲ ਹੀ ਜੀਵਨ ਸਫਲ ਹੋ ਸਕਦਾ ਹੈ। ਇਸ ਜੀਵਨ ਨੂੰ ਵਿਅਰਥ ਨਹੀਂ ਗਵਾਉਣਾ ਚਾਹੀਦਾ।ਕਿਉਂਕਿ ਕੇਵਲ ਪਰਮਾਤਮਾ ਹੀ ਕਰਮ ਧਰਮ ਤੋਂ ਡਿੱਗੇ ਹੋਏ ਮਨੁੱਖਾਂ ਨੂੰ ਪਵਿੱਤਰ ਰਸਤੇ ਉੱਤੇ ਪਾਉਣ ਵਾਲਾ ਹੈ। ਭਾਵੇਂ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਅੱਜ ਦੇ ਜੁਗ ਤੋਂ ਕਾਫੀ ਸਮਾਂ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਪਹਿਲਾ ਕੀਤੀ ਪਰ ਅੱਜ ਇਸ ਦੀ ਸਾਰਥਕਤਾ ਜਿਉਂ ਦੀ ਤਿਉਂ ਹੈ। ਕਿਉਂਕਿ ਅੱਜ ਦਾ ਮਨੁੱਖ ਵੀ ਕਈ ਝਮੇਲਿਆਂ ਵਿੱਚ ਫਸਿਆ ਹੋਇਆ ਹੈ ਅਤੇ ਆਪਣੇ ਅਸਲ ਰਾਹ ਤੋਂ ਭਟਕ ਚੁੱਕਾ ਹੈ। ਕੇਵਲ ਨਾਮ ਦਾ ਸਹਾਰਾ ਮਨੁੱਖ ਨੂੰ ਪਾਰ ਲਗਾ ਸਕਦਾ ਹੈ। ਗੁਰੂ ਸਾਹਿਬਾਨ ਨੇ ਕਈ ਪ੍ਰਤੀਕਾਂ ਰਾਹੀਂ ਮਾਨਵ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਕਸ਼ਟ ਸਿਮਰਨ ਨਾਲ ਮਿਟ ਜਾਂਦੇ ਹਨ ਇਸ ਲਈ ਪ੍ਰਭੂ ਨੂੰ ਵਿਸਾਰਨਾ ਨਹੀਂ ਚਾਹੀਦਾ। ਹੰਕਾਰ ਅਤੇ ਮਾਇਆ ਮੋਹ ਤਿਆਗ ਕੇ ਪ੍ਰਭੂ ਦੇ ਚਰਨਾਂ ਵਿੱਚ ਮਨ ਲਗਾ ਕੇ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਕੇਵਲ ਪ੍ਰਭੂ ਦੀ ਰਜ਼ਾ ਦੁਆਰਾ ਹੀ ਕੀਤਾ ਜਾ ਸਕਦਾ ਹੈ। ਫੁਰਮਾਉਂਦੇ ਹਨ:-

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥

ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ।।[7]

**ਸਮਾਜਿਕ ਵਿਵਸਥਾ ਅਤੇ ਸਮਾਜਿਕ ਚੇਤਨਾ:-**

ਗੁਰੂ ਸਾਹਿਬਾਨ ਦੀ ਬਾਣੀ ਵਿੱਚ ਸਮਾਜਿਕ ਵਿਵਸਥਾ ਅਤੇ ਸਮਾਜਿਕ ਚੇਤਨਤਾ ਦੇ ਪੱਖ ਨੂੰ ਵੀ ਉਘਾੜਿਆ ਗਿਆ ਹੈ। ਸਮਾਜ ਅਤੇ ਸਾਹਿਤ ਦਾ ਰਿਸ਼ਤਾ ਨਿਖੜਵਾਂ ਹੈ। ਸਾਹਿਤ ਅਤੇ ਸਮਾਜ ਦੋਵੇਂ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ। ਇੱਕ ਦੂਜੇ ਦੇ ਵਿਕਾਸ ਵਿੱਚ ਸਹਾਇਕ ਹੁੰਦੇ ਹਨ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੇਲੇ ਦੇ ਸਮਾਜ, ਸਮਾਜਿਕ ਅਵਸਥਾ ਤੇ ਸਮਾਜਿਕ ਚੇਤਨਾ ਦਾ ਗਿਆਨ ਹੁੰਦਾ ਹੈ। ਕਿਉਂਕਿ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਦੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਸਮਾਜਿਕ ਵਿਵਸਥਾ ਦਾ ਬਿਆਨ ਕੀਤਾ ਹੈ। ਉਹਨਾਂ ਆਪਣੀ ਬਾਣੀ ਰਾਹੀਂ ਸਮਾਜ ਵਿੱਚ ਹੋ ਰਹੇ ਅੱਤਿਆਚਾਰਾਂ ਧਾਰਮਿਕ ਜੀਵਨ ਦੀ ਜਾਣਕਾਰੀ ਦਿੱਤੀ। ਉਹਨਾਂ ਆਪਣੇ ਵਿਚਾਰਾਂ ਰਾਹੀਂ ਰਾਹ ਤੋਂ ਖੁੰਝੇ ਲੋਕਾਂ ਨੂੰ ਸੰਸਾਰ ਦੀ ਨਾਸ਼ਮਾਨਤਾ ਦਾ ਗਿਆਨ ਕਰਾ ਕੇ ਇਸ ਵਿੱਚ ਗਲਤਾਨ ਹੋਣ ਦੀ ਥਾਂ ਇਸ ਦੀ ਅਸਲ ਯਥਾਰਥਕ ਸਥਿਤੀ ਦਾ ਬਿਆਨ ਕੀਤਾ ਹੈ। ਭਾਈ ਜੋਧ ਸਿੰਘ ਲਿਖਦੇ ਹਨ ਕਿ ਨੌਵੇਂ ਗੁਰੂ ਦੇ ਗੁਰਗੱਦੀ ਤੇ ਬੈਠਣ ਸਮੇਂ ਦਿੱਲੀ ਦਾ ਸ਼ਹਿਨਸ਼ਾਹ ਔਰੰਗਜ਼ੇਬ ਸੀ। ਜਿਸ ਧੋਖੇ ਅਤੇ ਬੇਦਰਦੀ ਦਾ ਸਲੂਕ ਆਪਣੇ ਦੋ ਭਰਾਵਾਂ ਦਾਰਾ ਸ਼ਕੋਹ ਤੇ ਮੁਰਾਦ ਬਖਸ਼ ਨਾਲ ਕੀਤਾ ਉਹਦਾ ਥੋੜਾ ਵੇਰਵਾ ਦੇਣਾ ਉਹਦੇ ਆਚਰਨ ਤੇ ਰੋਸ਼ਨੀ ਪਾਉਣ ਲਈ ਜਰੂਰੀ ਹੈ। ਦਾਰਾ ਸ਼ਕੋਹ ਸ਼ਾਹਜਹਾਨ ਦਾ ਵੱਡਾ ਪੁੱਤਰ ਸੀ ਅਤੇ ਤਖਤ ਦਾ ਹੱਕਦਾਰ ਸੀ। ਜਦੋਂ ਸ਼ਾਹਜਹਾਨ ਬਹੁਤ ਬਿਮਾਰ ਹੋ ਗਿਆ ਤਾਂ ਦਾਰਾ ਸ਼ਕੋਹ ਨੇ ਰਾਜ ਦਾ ਕੰਮ ਸੰਭਾਲ ਲਿਆ। ਉਸ ਤੋਂ ਛੋਟਾ ਪੁੱਤਰ ਗੁਜ਼ਾਹ ਮੁਹੰਮਦ ਬੰਗਾਲ ਦਾ ਗਵਰਨਸ ਸੀ। ਪਿਓ ਦੀ ਬਿਮਾਰੀ ਦੀ ਖਬਰ ਸੁਣ ਕੇ ਤਖਤ ਤੇ ਕਬਜ਼ਾ ਕਰਨ ਲਈ ਉਹ ਪਟਨੇ ਤੋਂ ਬਨਾਰਸ ਆ ਗਿਆ। ਜਦੋਂ ਦਾਰਾ ਸ਼ਕੋਹ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਰਾਜਾ ਜੈ ਮਲ ਨੂੰ ਹੁਕਮ ਦਿੱਤਾ ਕਿ ਉਸ ਨੂੰ ਦਿੱਲੀ ਪੁੱਜਣ ਤੋਂ ਪਹਿਲਾਂ ਹੀ ਰਾਹ ਵਿੱਚ ਰੋਕ ਕੇ ਉਸ ਦਾ ਮੁਕਾਬਲਾ ਕਰੇ।"[8]

ਇਸ ਸਾਰੇ ਮਾਹੌਲ ਵਿੱਚ ਔਰੰਗਜ਼ੇਬ ਦੇ ਸਾਰੇ ਭਰਾ ਖ਼ਤਮ ਹੋ ਗਏ ਤੇ ਤਖ਼ਤ ਦਾ ਦਾਅਵਾ ਕਰਨ ਵਾਲਾ ਕੋਈ ਨਾ ਰਿਹਾ। ਇਸ ਸਾਰੇ ਸਮੇਂ ਦੌਰਾਨ ਸਮਾਜਿਕ ਹਾਲਾਤ ਅਜਿਹੇ ਬਣ ਗਏ ਕਿ ਹਿੰਦੂਆਂ ਨੂੰ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕੀਤਾ ਜਾਣ ਲੱਗਾ। ਪਰ ਫਿਰ ਵੀ ਧਰਮ ਪਰਿਵਰਤਨ ਦੀ ਗਤੀ ਰਫਤਾਰ ਨਾ ਫੜ ਸਕੀ। ਜਿੰਨੀ ਕਿ ਔਰੰਗਜ਼ੇਬ ਚਾਹੁੰਦਾ ਸੀ। ਇਸ ਕਰਕੇ ਜਬਰੀ ਧਰਮ ਪਰਿਵਰਤਨ ਦੀ ਮੁਹਿੰਮ ਆਰੰਭੀ ਗਈ। ਪਹਿਲਾਂ ਇਸ ਮਕਸਦ ਲਈ ਕਸ਼ਮੀਰ ਨੂੰ ਚੁਣਿਆ ਗਿਆ ,ਕਿਉਂਕਿ ਕਸ਼ਮੀਰੀ ਪੰਡਿਤ ਵਿਦਵਾਨ ਅਖਵਾਉਂਦੇ ਸਨ। ਮੁਸਲਮਾਨ ਬਣਨ ਨਾਲ ਲੋਕ ਜਲਦੀ ਉਹਨਾਂ ਮਗਰ ਲੱਗ ਜਾਣਗੇ। ਦੂਜਾ ਪਿਸ਼ੌਰ ਅਤੇ ਕਾਬਲ ਜੋ ਮੁਸਲਿਮ ਸ਼ਹਿਰ ਸਨ ਉਹ ਵੀ ਕਸ਼ਮੀਰ ਦੇ ਨੇੜੇ ਸਨ। ਇੱਥੋਂ ਦੇ ਵਸਨੀਕਾਂ ਨੂੰ ਆਰਥਿਕ ਪੱਖੋਂ ਕਮਜ਼ੋਰ ਵੀ ਸਮਝਿਆ ਜਾਂਦਾ ਸੀ। ਇਸ ਲਈ ਇਹਨਾਂ ਦਾ ਔਰੰਗਜ਼ੇਬ ਮਗਰ ਲੱਗਣਾ ਵੀ ਆਸਾਨ ਸਮਝਿਆ ਜਾਂਦਾ ਸੀ। ਸਿੱਖ ਭਾਈਚਾਰੇ ਦੇ ਹਾਲਾਤਾਂ ਬਾਰੇ ਗੱਲ ਕਰੀਏ ਤਾਂ ਪਹਿਲੀ ਤਰੇੜ ਉਦੋਂ ਪੈਦਾ ਹੋਈ ਜਦੋਂ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਸ੍ਰੀ ਚੰਦ ਨੇ ਗ੍ਰਹਿਸਤ ਜੀਵਨ ਤਿਆਗਿਆ। ਦੂਜੇ ਅਤੇ ਤੀਜੇ ਗੁਰੂ ਸਾਹਿਬਾਨ ਦੇ ਪੁੱਤਰਾਂ ਵੱਲੋਂ ਖਾਸ ਕੋਸ਼ਿਸ਼ਾਂ ਨਾ ਕੀਤੀਆਂ ਗਈਆਂ। ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮਗਰੋਂ ਗੁਰੂ ਹਰਗੋਬਿੰਦ ਜੀ ਨੇ ਮੀਰੀ ਪੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ। ਪਰ ਜਦੋਂ ਦਾਰਾ ਸ਼ਕੋਹ ਦਿੱਲੀਓ ਨੱਸਿਆ ਤਾਂ ਔਰੰਗਜ਼ੇਬ ਨੇ ਇਹ ਫ਼ਰਮਾਨ ਜਾਰੀ ਕੀਤਾ ਕਿ ਕੋਈ ਵੀ ਇਸਦੀ ਸਹਾਇਤਾ ਨਾ ਕਰੇ। ਔਰੰਗਜ਼ੇਬ ਪੰਜਾਬ ਵਿੱਚ ਸਿੱਖੀ ਦੇ ਪ੍ਰਚਾਰ ਨੂੰ ਮੁਸਲਮਾਨ ਮੁਗਲ ਸਲਤਨਤ ਲਈ ਖਤਰਾ ਸਮਝਦਾ ਸੀ। ਜਹਾਂਗੀਰ ਵੱਲੋਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇਣ ਦਾ ਮੰਤਵ ਹੀ ਇਹੀ ਸੀ, ਪਰ ਅਜਿਹਾ ਨਾ ਹੋਇਆ । ਸਗੋਂ ਛੇਵੇਂ ਗੁਰੂ ਨੇ ਤਲਵਾਰ ਚੁੱਕ ਲਈ। ਸਿੱਖਾਂ ਵਿੱਚ ਜ਼ੁਲਮ ਵਿਰੁੱਧ ਰੋਹ ਪੈਦਾ ਹੋ ਗਿਆ। ਗੁਰੂ ਨਾਨਕ ਜੀ ਮਗਰੋਂ ਗੁਰੂ ਅੰਗਦ ਦੇਵ, ਗੁਰੂ ਅਮਰਦਾਸ,ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਰਾਹੀਂ ਇਹ ਪਿਰਤ ਅੱਗੇ ਤੁਰੀ। ਅਜਿਹੇ ਹਾਲਾਤਾਂ ਵਿੱਚ ਫਸੇ ਮਨੁੱਖ ਨੂੰ ਸਿੱਧੇ ਰਸਤੇ ਭਾਵ ਪ੍ਰਭੂ ਨਾਲ ਜੋੜਨਾ ਹੀ ਗੁਰੂ ਤੇਗ ਬਹਾਦਰ ਜੀ ਦਾ ਮੁੱਖ ਉਦੇਸ਼ ਹੈ। ਸਮਾਜ ਦੇ ਰਿਸ਼ਤਿਆਂ ਨਾਤਿਆਂ ਬਾਰੇ ਗੱਲ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ ਕਿ ਕੋਈ ਮਿੱਤਰ, ਦੋਸਤ ਅਜਿਹਾ ਨਹੀਂ ਹੈ ਜੋ ਦੁੱਖ ਵਿੱਚ ਸਾਥ ਨਿਭਾ ਸਕੇ । ਹਰ ਕੋਈ ਆਪਣੇ ਸੁੱਖ ਨੂੰ ਤਰਜੀਹ ਦਿੰਦਾ ਹੈ। ਦੂਜਾ ਉਸ ਸਮੇਂ ਦੇ ਲੋਕਾਂ ਦੇ ਹਾਲਾਤ ਅਜਿਹੇ ਸਨ,ਜਿਨਾਂ ਨੇ ਉਹਨਾਂ ਨੂੰ ਭੈਭੀਤ ਕੀਤਾ ਹੋਇਆ ਸੀ। ਘਰ ਵਾਲੇ, ਪਤਨੀ,ਮਿੱਤਰ, ਪੁੱਤਰ ਅਤੇ ਰਿਸ਼ਤੇਦਾਰ ਇਹ ਸਾਰੇ ਧਨ ਨਾਲ ਹੀ ਜੁੜੇ ਹੋਏ ਸਨ। ਉਹਨਾਂ ਦਾ ਪਿਆਰ ਕੇਵਲ ਧਨ ਨਾਲ ਸੀ। ਜਿਹੜਾ ਪਾਸਾ ਧਨ ਵਾਲਾ ਹੋਵੇ ਸਭ ਸਾਕ -ਸਬੰਧੀ ਉਸੇ ਪਾਸੇ ਭੱਜਦੇ ਸਨ। ਸੰਸਾਰ ਦੀ ਸਵਾਰਥੀ ਦਸ਼ਾ ਦੇਖ ਕੇ ਗੁਰੂ ਸਾਹਿਬ ਕਹਿੰਦੇ ਹਨ ਕਿ ਮਨੁੱਖ ਮੂਰਖ ਹੈ ਜੋ ਇਹਨਾਂ ਸਵਾਰਥੀ ਲੋਕਾਂ ਨਾਲ ਮੋਹ ਰੱਖਦਾ ਹੈ ਜਿਸ ਕਾਰਨ ਉਹ ਸੱਚੇ ਸਾਕ ਸਬੰਧੀ ਭਾਵ ਵਾਹਿਗੁਰੂ ਤੋਂ ਆਪਣੇ ਮੁੱਖ ਨੂੰ ਮੋੜ ਬੈਠਾ ਹੈ। ਲਖ ਯਤਨ ਕਰ ਲਵੋ ਪਰ ਮਨ ਖੋਟਾ ਕੁਰਾਹੇ ਨੂੰ ਛੱਡ ਕੇ ਸਿੱਧੇ ਰਸਤੇ ਪੈਣ ਤੋਂ ਡਰਦਾ ਹੈ। ਜਿਸ ਨੂੰ ਕੇਵਲ ਪ੍ਰਭੂ ਹੀ ਸਿੱਧੇ ਰਸਤੇ ਪਾ ਸਕਦਾ ਹੈ। ਇਸ ਦੇ ਨਾਮ ਦਾ ਸਹਾਰਾ ਬਹੁਤ ਲਾਭਦਾਇਕ ਹੈ। ਉਹ ਵਾਹਿਗੁਰੂ ਹੀ ਸੱਚਾ ਸਾਕ ਸਬੰਧੀ ਹੈ। ਫੁਰਮਾਉਂਦੇ ਹਨ:-


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥

ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ ॥[9]

ਗੁਰੂ ਤੇਗ ਬਹਾਦਰ ਸਾਹਿਬ ਨੇ ਲੋਕਾਂ ਨੂੰ ਭੈ ਮੁਕਤ ਕੀਤਾ ਕਿਉਂਕਿ ਉਸ ਸਮੇਂ ਦੇ ਹਾਲਾਤ ਆਮ ਲੋਕਾਂ ਦੇ ਹੱਕ ਵਿੱਚ ਨਹੀਂ ਸਨ। ਗੁਰੂ ਸਾਹਿਬ ਨੇ ਦੋਹਾਂ ਪੱਖਾਂ ਤੋਂ ਰੱਖਿਆ ਕੀਤੀ। ਮੌਜੂਦਾ ਹਕੂਮਤ ਨੂੰ ਵੰਗਾਰ ਕੇ ਬਲਿਦਾਨ ਦਿੱਤਾ। ਧਾਰਮਿਕ ਪੱਖੋਂ ਬਾਣੀ ਰਚਕੇ ਲੋਕਾਂ ਨੂੰ ਸੰਸਾਰ ਦੀ ਅਸਥਿਰਤਾ ਬਾਰੇ ਦੱਸ ਕੇ ਯਥਾਰਥ ਤੋਂ ਜਾਣੂ ਕਰਵਾਇਆ। ਮਜ਼ਹਬ ਦੇ ਨਾਂ ਤੇ ਸਮੇਂ ਦੀ ਸਰਕਾਰ ਜੋ ਕੁਝ ਕਰ ਰਹੀ ਸੀ ਉਹ ਅਤਿਅੰਤ ਭਿਆਨਕ ਜ਼ਬਰ ਜ਼ੁਲਮ ਦਾ ਰੂਪ ਧਾਰਨ ਕਰ ਚੁੱਕਿਆ ਸੀ। ਬਾਜ਼ਾਰਾਂ ਦੀ ਸੁਤੰਤਰਤਾ ਬਿਲਕੁਲ ਨਹੀਂ ਸੀ। ਅਮਲੀ ਰੂਪ ਵਿੱਚ ਇੱਕ ਪੁਰਖੀ ਰਾਜ ਸੀ। ਮੰਦਾ ਜਾਂ ਚੰਗਾ ਜੋ ਔਰੰਗਜੇਬ ਕਹਿੰਦਾ ਸੀ ਉਹ ਮੰਨਣਾ ਪੈਂਦਾ ਸੀ। ਕਿਸੇ ਦੀ ਜੁਅਰਤ ਨਹੀਂ ਸੀ ਕਿ ਉਸਨੂੰ ਵੰਗਾਰ ਸਕੇ। ਰਾਜਾ ਪਰਜਾ ਦਾ ਕੋਈ ਰਿਸ਼ਤਾ ਵੀ ਨਹੀਂ ਸੀ ਇੱਕ ਜ਼ਾਲਮ ਸੀ ਦੂਜਾ ਮਜ਼ਲੂਮ। ਇੱਕ ਭੈਭੀਤ ਸੀ ਦੂਜਾ ਭਿਅੰਕਰ ਡਰਾਉਣਾ। ਸਾਰਾ ਦੇਸ਼ ਗੂੰਗਾ ਬੋਲਾ ਬਣਿਆ ਬੈਠਾ ਸੀ। ਉਸ ਸਮੇਂ ਬਹਾਦਰ ਗੁਰੂ ਨੇ ਵੰਗਾਰਿਆ "ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਐ।'ਇਹੋ ਜਿਹੇ ਹਾਲਾਤਾਂ ਨੂੰ ਕੇਵਲ ਗੱਲਾਂ ਬਾਤਾਂ ਨਾਲ ਨਹੀਂ ਬਦਲਿਆ ਜਾ ਸਕਦਾ। ਇਹ ਪਰਿਵਰਤਨ ਕੇਵਲ ਬਲਿਦਾਨ ਦੁਆਰਾ ਹੀ ਸੰਭਵ ਸੀ। ਕੁਰਬਾਨੀ ਦੇ ਚੱਪੂ ਤੋਂ ਬਗੈਰ ਬੇੜਾ ਅੱਗੇ ਨਹੀਂ ਠੇਲਿਆ ਜਾ ਸਕਦਾ ।ਇਸ ਕਰਕੇ ਕੁਰਬਾਨੀ ਦੀ ਲਗਨ ਪੈਦਾ ਕਰਨ ਲਈ ਜਰੂਰੀ ਸੀ ਕਿ ਸੰਸਾਰੀ ਮੋਹ ਛੱਡਿਆ ਜਾਵੇ। ਇਸ ਸਰੀਰ ਨੂੰ ਨਾਸ਼ਵਾਨ ਸਮਝ ਕੇ ਇਸ ਦੀ ਪਕੜ ਘੱਟ ਕੀਤੀ ਜਾਵੇ। ਅਜਿਹੇ ਉਦੇਸ਼ ਦੀ ਪੂਰਤੀ ਲਈ ਵੈਰਾਗ, ਤਿਆਗ ਦਾ ਉਪਦੇਸ਼ ਜਰੂਰੀ ਸੀ ਤਾਂ ਕਿ ਸਿੱਖ ਉੱਚ ਆਦਰਸ਼ਾਂ ਖਾਤਰ ਆਪਣਾ ਸਭ ਕੁਝ ਨਿਸ਼ਾਵਰ ਕਰਨ ਲਈ ਤਤਪਰ ਹੋ ਜਾਣ। ਉਸ ਸਮੇਂ ਹਿੰਦੁਸਤਾਨ ਨੂੰ ਅਜਿਹੀ ਸਿੱਖਿਆ ਦੀ ਲੋੜ ਸੀ ਤੇ ਸਿੱਖ ਲਹਿਰ ਲਈ ਤਾਂ ਇਹ ਬਹੁਤ ਹੀ ਜ਼ਰੂਰੀ ਸੀ। ਇਹੋ ਕਾਰਨ ਹੈ ਕਿ ਉਹਨਾਂ ਦੀ ਸਾਰੀ ਬਾਣੀ ਵਿੱਚ ਇਹੋ ਧੁਨ ਗੂੰਜ ਰਹੀ ਹੈ:-

ਸਾਧੋ ਇਹੁ ਤਨੁ ਮਿਥਿਆ ਜਾਨਉ ॥

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥[10]

ਇਸ ਪ੍ਰਕਾਰ ਸੰਸਾਰਕ ਪਦਾਰਥਾਂ ਤੇ ਜੀਵਨ ਵਿੱਚ ਅਧਿਆਤਮਕਤਾ ਦੀ ਮਹੱਤਤਾ ਉੱਤੇ ਵਾਰ-ਵਾਰ ਜ਼ੋਰ ਦੇਣ ਦਾ ਕਾਰਨ ਇਹ ਹੈ ਕਿ ਸੰਸਾਰਕ ਲਾਲਸਾਵਾਂ ਜਾਂ ਲਾਲਚ ਰੱਖਣ ਵਾਲਾ ਵਿਅਕਤੀ ਕਦੇ ਵੀ ਜ਼ਬਰ ਜ਼ੁਲਮ ਵਿਰੁੱਧ ਟੱਕਰ ਨਹੀਂ ਲੈ ਸਕਦਾ, ਕਿਉਂਕਿ ਪਦਾਰਥਕ ਲਾਲਸਾਵਾਂ ਵਾਲਾ ਵਿਅਕਤੀ ਕੁਰਬਾਨੀ ਤੋਂ ਡਰਦਾ ਹੈ। ਮਨੁੱਖ ਦੀ ਪ੍ਰਵਿਰਤੀ ਅਸਲ ਵਿੱਚ ਖ਼ੁਦਗਰਜ਼ੀ ਵਾਲੀ ਹੁੰਦੀ ਹੈ। ਚਾਹੇ ਤਨ ਦੀ ਹੋਵੇ। ਮਾਤਾ ਪਿਤਾ, ਪਤੀ ਪਤਨੀ, ਸੰਤਾਨ ਜਾਂ ਹੋਰ ਸੰਸਾਰਕ ਵਸਤਾਂ ਦੀ। ਅਸਲ ਵਿੱਚ ਮਨੁੱਖ ਨੂੰ ਇਹ ਦ੍ਰਿੜ ਕਰਨਾ ਚਾਹੀਦਾ ਹੈ ਕਿ ਜਗਤ ਆਪਣੇ ਸੁੱਖ ਦੀ ਪ੍ਰਾਪਤੀ ਲਈ ਹਮੇਸ਼ਾ ਖ਼ੁਦਗਰਜ਼ੀ ਵਿੱਚ ਗ੍ਰਸਤ ਰਹਿੰਦਾ ਹੈ। ਜਦੋਂ ਮਨੁੱਖ ਨੂੰ ਕੋਈ ਬਿਪਤਾ ਬਣਦੀ ਹੈ ਤਾਂ ਸਾਰੇ ਹੀ ਸਾਥ ਛੱਡ ਜਾਂਦੇ ਹਨ। ਕੋਈ ਵੀ ਨੇੜੇ ਨਹੀਂ ਲੱਗਦਾ । ਘਰ ਦੀ ਪਤਨੀ ਜਿਸ ਨਾਲ ਮਨੁੱਖ ਨੂੰ ਬਹੁਤ ਪਿਆਰ ਹੁੰਦਾ ਹੈ ਤੇ ਜੋ ਸਦਾ ਨੇੜੇ ਰਹਿੰਦੀ ਹੈ ਜਦੋਂ ਜੀਵ ਸੰਸਾਰ ਤੋਂ ਚਲਾ ਜਾਂਦਾ ਹੈ ਤਾਂ ਉਹ ਵੀ ਸਾਥ ਛੱਡ ਦਿੰਦੀ ਹੈ। ਇਸ ਪ੍ਰਕਾਰ ਸੰਸਾਰ ਅਜਿਹੀ ਲੀਲਾ ਰਚਦਾ , ਜਿਸ ਨਾਲ ਮਨੁੱਖ ਨੇ ਪਿਆਰ ਪਾਇਆ ਹੋਇਆ ਹੈ। ਅੰਤਲੇ ਸਮੇਂ ਕੇਵਲ ਉਸਦੇ ਨਾਮ ਤੋਂ ਬਿਨਾਂ ਕੋਈ ਸਹਾਰਾ ਨਹੀਂ ਬਣਦਾ। ਮਨੁੱਖ ਦੇ ਮਨ ਵਿੱਚ ਭੈ ਕੇਵਲ ਮੌਤ ਦਾ ਹੀ ਵਿਦਮਾਨ ਹੈ। ਉਸਦੇ ਭੈ ਦੇ ਕਾਰਨ ਹੀ ਮਨੁੱਖ ਪਰਮਾਤਮਾ ਤੋਂ ਡਰਦਾ ਹੈ ਤੇ ਉਹਦੀ ਸ਼ਰਨ ਵਿੱਚ ਆਉਂਦਾ ਹੈ। ਮੌਤ ਦੇ ਡਰ ਕਾਰਨ ਹੀ ਮਨੁੱਖ ਆਪਣੇ ਆਪ ਦੀਆਂ ਖਾਮੀਆਂ ਨੂੰ ਸਵੀਕਾਰ ਕਰਦਾ ਹੈ। ਉਹ ਜਾਣਦਾ ਹੈ ਕਿ ਉਸ ਅੰਦਰ ਪਾਪ ਅਤੇ ਲੋਭ ਜਿਹੇ ਵਿਕਾਰ ਵਿਦਮਾਨ ਹਨ ਪਰ ਇਹਨਾਂ ਬੁਰਾਈਆਂ ਤੋਂ ਜਾਣੂ ਹੁੰਦਾ ਹੋਇਆ ਵੀ ਉਹ ਇਹਨਾਂ ਨੂੰ ਛੱਡਣ ਦੀ ਥਾਂ ਇਹਨਾਂ ਵਿੱਚ ਗ੍ਰਸਤ ਰਹਿੰਦਾ ਹੈ। ਪਰ ਮੌਤ ਦਾ ਡਰ ਹਰ ਵੇਲੇ ਉਸਦੀ ਚਿੰਤਾ ਦਾ ਕਾਰਨ ਹੈ। ਮਨੁੱਖ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਚਾਹੁੰਦਾ ਹੈ। ਪਰ ਵਿਕਾਰਾਂ ਤੋਂ ਨਿਰਲੇਪ ਪਰਮਾਤਮਾ ਦੇ ਭੇਦ ਨੂੰ ਜਾਣ ਨਹੀਂ ਸਕਿਆ। ਮਨੁੱਖ ਜਦੋਂ ਆਪਣੇ ਬਾਰੇ ਨਿਰਣਾ ਕਰਦਾ ਹੈ ਉਸ ਵਿੱਚ ਕੋਈ ਗੁਣ ਨਹੀਂ ਕਿ ਉਹ ਕਿਹੜਾ ਯਤਨ ਕਰੇ ਜਿਸ ਨਾਲ ਛੁਟਕਾਰਾ ਪਾ ਸਕੇ ਤੇ ਆਪਣੇ ਆਪ ਨੂੰ ਵਾਹਿਗੁਰੂ ਦੀ ਸ਼ਰਨ ਵਿੱਚ ਆ ਡਿੱਗਦਾ ਹੈ। ਆਪਣੇ ਆਪ ਹੀ ਇਹ ਜੋ ਪ੍ਰਭੂ ਤੋਂ ਨਿਰਭੈਤਾ ਦੀ ਮੰਗ ਕਰਦਾ ਹੈ। ਫੁਰਮਾਉਂਦੇ ਹਨ:-

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ

ਕਉਨੁ ਕਰਮੁ ਅਬ ਕੀਜੈ ॥[11]

ਇਸ ਪ੍ਰਕਾਰ ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਸਦੀਵੀ ਹੋਂਦ ਭਾਵ ਵਾਹਿਗੁਰੂ ਦੀ ਹੋਂਦ ਪ੍ਰਤੀ ਆਪਣੇ ਵਿਚਾਰ ਦ੍ਰਿੜ ਕਰਨੇ ਚਾਹੀਦੇ ਹਨ। ਕਿਉਂਕਿ ਸਾਰਾ ਸੰਸਾਰ ਨਾਸ਼ਵਾਨ ਹੈ। ਕਿਉਂਕਿ ਭੇਖ ਧਾਰਿਆ, ਤਪ ਕਰਕੇ, ਮੁੰਦਰਾਂ ਪਾਇਆ, ਜੋਗੀ ਬਣਿਆ ਕਦੇ ਵੀ ਪ੍ਰਭੂ ਦਾ ਭੇਦ ਨਹੀਂ ਪਾਇਆ ਜਾ ਸਕਦਾ। ਕੋਈ ਵੀ ਪ੍ਰਭੂ ਤੱਕ ਇਹਨਾਂ ਕਰਮਕਾਂਡਾ ਰਾਹੀਂ ਨਹੀਂ ਉਪੜ ਸਕਿਆ ਕਿਉਂਕਿ ਪ੍ਰਭੂ ਨੂੰ ਅੰਗ ਸੰਗ ਜਾਣ ਕੇ ਉਹਦੇ ਰੂਪ ਨੂੰ ਨਿਆਰਾ ਮੰਨਣ ਵਾਲੇ ਹੀ ਉਸ ਤੱਕ ਪਹੁੰਚ ਸਕਦੇ ਹਨ। ਸੰਸਾਰ ਵਿੱਚ ਕੋਟ ਪਾਪ ਕੱਟਣ ਵਾਲਾ ਕੇਵਲ ਵਾਹਿਗੁਰੂ ਦਾ ਹੀ ਨਾਮ ਹੈ। ਇਹਨਾਂ ਸਿੱਖਿਆਵਾਂ ਰਾਹੀਂ ਗੁਰੂ ਸਾਹਿਬ ਸਮਾਜ ਨੂੰ ਚੇਤੰਨ ਕਰਦੇ ਹਨ। ਗੁਰੂ ਸਾਹਿਬ ਨੇ ਆਪਣੇ ਸਲੋਕਾਂ ਰਾਹੀਂ ਸਮਾਜ ਵਿੱਚ ਫੈਲੇ ਕੁਕਰਮਾਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਕਿਉਂਕਿ ਉਸ ਸਮੇਂ ਦਾ ਮਨੁੱਖ ਧਨ ਪਦਾਰਥਾਂ ਤੇ ਇਸਤਰੀ ਆਦਿ ਰਸਾਂ ਵਿੱਚ ਫਸਿਆ ਹੋਇਆ ਸੀ ਤੇ ਪ੍ਰਭੂ ਦੀ ਉਸਤਤ ਭੁੱਲ ਚੁੱਕਿਆ ਸੀ। ਇਸ ਨਾਸ਼ਵਾਨ ਸੰਸਾਰ ਨੂੰ ਸਦੀਵੀ ਜਾਣ ਕੇ ਇਸ ਨਾਲ ਪਿਆਰ ਪਾਈ ਬੈਠਾ ਸੀ। ਗੁਰੂ ਸਾਹਿਬ ਨੇ ਮਾਇਆ ਦੇ ਨਸ਼ੇ ਵਿੱਚ ਮਦਹੋਸ਼ ਮਨੁੱਖ ਨੂੰ ਤਾੜਨਾ ਕੀਤੀ ਕਿ ਉਹ ਇਹਨਾਂ ਝਮੇਲਿਆਂ ਨੂੰ ਛੱਡ ਕੇ ਪ੍ਰਭੂ ਦੇ ਲੜ ਲੱਗੇ ਤਾਂ ਕਿ ਉਸਦੀ ਖਲਾਸੀ ਹੋ ਸਕੇ। ਫੁਰਮਾਉਂਦੇ ਹਨ:-


© Copyright @ Authors

ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ ॥

ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥[12]

ਜਦੋਂ ਜੀਵ ਆਪਣੀ ਨੀਂਦ ਤੋਂ ਜਾਗ ਕੇ ਪਸ਼ਚਾਤਾਪ ਕਰਦਾ ਹੈ ਤਾਂ ਪ੍ਰਭੂ ਅੰਦਰੋਂ ਪ੍ਰਗਟ ਹੋ ਕੇ ਆਵਾਜ਼ ਦਿੰਦਾ ਹੈ ਕਿ ਅਜੇ ਕੁਝ ਨਹੀਂ ਵਿਗੜਿਆ ਤੂੰ ਸਿਮਰਨ ਵਿੱਚ ਲੱਗ ਜਾ। ਅਸਲ ਵਿੱਚ ਉਸਨੂੰ ਗਿਆਨ ਹੋ ਜਾਂਦਾ ਹੈ ਕਿ ਉਹ ਆਪਣੇ ਅੰਦਰ ਪ੍ਰਭੂ ਦੀ ਹੋਂਦ ਨੂੰ ਸਮਝ ਕੇ ਨਿਰਭੈ ਪਦ ਨੂੰ ਪ੍ਰਾਪਤ ਕਰੇ।ਜਦੋਂ ਤੱਕ ਅੰਦਰ ਸ਼ੰਕਾ ਹੈ ਦੁੱਖ ਰਹੇਗਾ ਜਦੋਂ ਤੱਕ ਹਰੀ ਦੇ ਨਾਮ ਦੀ ਭਗਤੀ ਨਹੀਂ ਕੀਤੀ ,ਸ਼ੰਕਾ ਦੂਰ ਨਹੀਂ ਹੁੰਦਾ।

ਓਪਰੋਕਤ ਚਰਚਾ ਦੇ ਅਧਾਰ ਤੇ ਕਿਹਾ ਜਾ ਸਕਦਾ ਕਿ ਮਨੁੱਖ ਭਾਵੇਂ ਸਮਾਜ ਵਿੱਚ ਆਇਆ ਪਰ ਉਸਦਾ ਮੂਲ ਮਾਨਵੀ ਸਰੋਕਾਰ ਗੁਰੂ ਤੇਗ ਬਹਾਦਰ ਜੀ ਅਨੁਸਾਰ ਸਮਾਜ ਵਿੱਚ ਰਹਿੰਦਿਆ ਨਾਮ ਸਿਮਰਨ ਰਾਹੀਂ ਨੇਕ ਕਰਮ ਕਰਦਿਆਂ ਪ੍ਰਭੂ ਦੇ ਚਰਨੀ ਲੱਗਣਾ ਹੈ। ਸਮਾਜ ਵਿੱਚ ਰਹਿੰਦਿਆਂ ਮਨੁੱਖ ਸੰਸਾਰਕ ਅਵਸਥਾ ਨੂੰ ਹਕੀਕਤ ਜਾਣ ਕੇ ਉਹਨਾਂ ਦੇ ਪਿੱਛੇ ਭੱਜਦਾ ਰਹਿੰਦਾ ਹੈ ਜਦੋਂ ਕਿ ਕੁਝ ਵੀ ਸਥਾਈ ਨਹੀਂ ਹੈ ਇਸ ਲਈ ਸਮਾਜ ਵਿੱਚ ਰਹਿੰਦਿਆਂ ਦੁੱਖਾਂ ਤਕਲੀਫਾਂ ਦਾ ਸਾਹਮਣਾ ਕਰਦੇ ਹੋਏ ਇਹਨਾਂ ਦੇ ਸਥਿਰਤਾ ਨੂੰ ਸਮਝਣਾ ਚਾਹੀਦਾ ਹੈ ਇਹ ਅਸਲ ਵਿੱਚ ਮਾਨਵਤਾ ਦਾ ਮੂਲ ਸਰੋਕਾਰ ਹੈ ਤੇ ਦੂਜਾ ਸਰੋਕਾਰ ਪ੍ਰਭੂ ਦਾ ਨਾਮ ਧਿਆਉਣਾ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਦੀ ਸਮੁੱਚੀ ਬਾਣੀ ਗੁਰਬਾਣੀ ਦੇ ਕੇਂਦਰੀ ਨੁਕਤੇ ਨੂੰ ਉਘਾੜਦੀ ਹੋਈ ਮਨੁੱਖੀ ਹੋਂਦ ਦੀ ਮੂਲ ਸਮੱਸਿਆ ਦਾ ਸਮਾਧਾਨ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਸੰਸਾਰਕ ਪਦਾਰਥ ਜਿਸ ਨੂੰ ਮਨੁੱਖ ਸਭ ਤੋਂ ਵੱਧ ਤਰਜੀਹ ਦਿੰਦਾ ਹੈ ਉਹ ਸਭ ਉਦੋਂ ਤੱਕ ਮਨੁੱਖ ਦੇ ਨਾਲ ਹੈ ਜਦੋਂ ਤੱਕ ਉਸਦਾ ਸਰੀਰ ਕਾਇਮ ਹੈ। ਕੋਈ ਵੀ ਇਸਦਾ ਇਹਨਾਂ ਵਿੱਚੋਂ ਸਦੀਵੀ ਸੁਖ ਦੇਣ ਵਾਲਾ ਨਹੀਂ। ਇਸ ਲਈ ਇਹਨਾਂ ਤੇ ਆਸਰਤ ਹੋਣਾ ਤੇ ਮਾਣ ਕਰਨਾ ਸਿਆਣਪ ਨਹੀਂ। ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਸੰਸਾਰਕ ਨਾਸ਼ਮਾਨਤਾ ਭਰੇ ਜਗਤ ਦੇ ਅਸਲ ਸਰੂਪ ਤੋਂ ਜਾਣੂ ਕਰਵਾ ਕੇ ਸਮਾਜ ਨੂੰ ਉਸ ਵਿੱਚ ਗਲਤਾਨ ਹੋਣ ਦੀ ਥਾਂ ਇਸ ਨੂੰ ਮਾਣਦਿਆਂ ਹੋਇਆਂ ਨਿਰਲੇਪ ਰਹਿ ਕੇ ਪਰਮਾਤਮਾ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ ਹੈ। ਜੀਵ ਦਾ ਮੂਲ ਪ੍ਰਯੋਜਨ ਹੱਸਦਿਆ ਖੇਡਦਿਆਂ ਪਹਿਨਦਿਆ ਮੁਕਤੀ ਪ੍ਰਾਪਤ ਕਰਨਾ ਹੈ ਨਾ ਕਿ ਸੰਸਾਰਕ ਪਦਾਰਥਾਂ ਵਿੱਚ ਪੈ ਕੇ ਸਮਾਜ ਵਿੱਚ ਇਸਦੀ ਪ੍ਰਾਪਤੀ ਲਈ ਮਾੜੇ ਕਰਮ ਕਰਨੇ ਅਤੇ ਪਰਮਾਤਮਾ ਨੂੰ ਵਿਸਾਰਨਾ ਹੈ। ਗੁਰੂ ਸਾਹਿਬ ਅਸਲ ਵਿੱਚ ਸਮਾਜ ਨੂੰ ਇਸ ਇਹ ਸੇਧ ਦੇ ਰਹੇ ਹਨ ਕਿ ਜੀਵ ਅਤੇ ਜਗਤ ਭਾਵੇਂ ਪ੍ਰਭੂ ਦੀ ਰਚਨਾ ਹੈ ਪਰ ਅੱਜ ਦਾ ਮੂਲ ਮੰਤਵ ਉਸਾਰੂ ਚਰਿਤਰ ਧਾਰ ਕੇ ਸਮਾਜ ਦਾ ਕਲਿਆਣ ਕਰਨਾ ਹੈ।

### ਹਵਾਲੇ ਅਤੇ ਸਹਾਇਕ ਪੁਸਤਕਾਂ

1. ਸ਼ਬਦਾਰਥ,ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ 684
2. ਉਹੀ,ਪੰਨਾ 1426
3. ਉਹੀ, ਪੰਨਾ 219
4. ਉਹੀ, ਪੰਨਾ 718
5. ਉਹੀ, ਪੰਨਾ 1429
6. ਡਾ.ਸੁਰਿੰਦਰ ਸਿੰਘ ਕੋਹਲੀ ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ ਪੰਨਾ 1
7. ਉਹੀ,ਪੰਨਾ 219
8. ਡਾ.ਸੁਰਿੰਦਰ ਸਿੰਘ ਕੋਹਲੀ ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ ਪੰਨਾ 100
9. ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ 536
10. ਉਹੀ,ਪੰਨਾ 1186
11. ਉਹੀ, ਪੰਨਾ 703
12. ਉਹੀ, ਪੰਨਾ 718
13. ਬਿਕਰਮ ਸਿੰਘ ਘੁੰਮਣ, ਗੁਰੂ ਤੇਗ ਬਹਾਦਰ ਜੀਵਨ ਚਿੰਤਨ ਤੇ ਬਾਣੀ, ਵਾਰਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, 2013
14. ਕੇਸਰ ਸਿੰਘ ਛਿੱਬਰ,ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 1972


© Copyright @ Authors